## ਦੋ ਭਾਸ਼ਾਵਾਂ ਇਕ ਤੋਂ ਵਧੀਆ ਹੁੰਦੀਆਂ ਹਨ

### *ਬਹੁਭਾਸ਼ੀ ਹੋਣਾ ਇਕ ਗੁਣ ਹੈ, ਨਾ ਕਿ ਇਕ ਮੁਸ਼ਕਿਲ*

ਜਿਹੜੇ ਬੱਚੇ ਦੂਸਰੀ ਭਾਸ਼ਾ ਬੋਲਣਾ ਸਿੱਖ ਰਹੇ ਹਨ, ਕਈ ਤਰ੍ਹਾਂ ਦਾ ਰਵੱਈਆ ਪਰਗਟ ਕਰਦੇ ਹਨ। ਕੁਝ ਚੁੱਪ ਰਹਿ ਸਕਦੇ ਹਨ ਅਤੇ ਹਿੱਸਾ ਲੈਣ ਤੋਂ ਮਨ੍ਹਾਂ ਕਰ ਸਕਦੇ ਹਨ, ਦੂਸਰੇ ਹੋਰ ਜਲਦੀ ਘੁਲਮਿਲ ਜਾਣਗੇ। ਜਿਹੜੇ ਬੱਚੇ ਅੰਗਰੇਜ਼ੀ ਨੂੰ ਦੂਸਰੀ ਭਾਸ਼ਾ ਵਜੋਂ ਸਿੱਖ ਰਹੇ ਹਨ, ਨੂੰ ਵੀ ਆਮ ਤੌਰ ਤੇ 'ਭਾਸ਼ਾ ਦੀ ਔਖਿਆਈ' ਸਮਝ ਲਿਆ ਜਾਂਦਾ ਹੈ, ਜੇਕਰ ਉਹਨਾਂ ਦੀ ਅੰਗਰੇਜ਼ੀ ਭਾਸ਼ਾ ਜਲਦੀ ਉੱਭਰ ਕੇ ਬਾਹਰ ਨਾ ਆਉਂਦੀ ਹੋਵੇ। *ਆਸਟ੍ਰੇਲੀਆ ਵਿੱਚ ਵੱਡੇ ਹੋ ਰਹੇ ਅਤੇ ਆਸਟ੍ਰੇਲੀਆ ਦੇ ਸਕੂਲਾਂ ਵਿੱਚ ਪੜ੍ਹ ਰਹੇ ਸਾਰੇ ਬੱਚੇ ਅੰਗਰੇਜ਼ੀ ਨੂੰ ਆਪਣੀ ਰ਼ਫਤਾਰ ਨਾਲ ਸਿੱਖ ਲੈਣਗੇ।*

### *ਬਹੁਭਾਸ਼ੀ ਹੋਣਾ ਸਿੱਖਣ ਦੀ ਔਖਿਆਈ ਨਹੀਂ ਹੈ, ਪਰ ਸਿੱਖਣ ਦਾ ਇਕ ਤਰੀਕਾ ਹੈ।*

ਕਈ ਮਾਪੇ ਆਪਣੇ ਬੱਚੇ ਦੇ ਬਾਰੇ ਵਿੱਚ ਇਹ ਸੋਚ ਕੇ ਚਿੰਤਾ ਕਰਦੇ ਹਨ ਕਿ ਜੇਕਰ ਉਹ ਕਿੰਡਰਗਾਰਟਨ ਸ਼ੁਰੂ ਕਰਨ ਤੋਂ ਪਹਿਲਾਂ ਅੰਗਰੇਜ਼ੀ ਨਹੀਂ ਬੋਲਦੇ ਤਾਂ ਉਹਨਾਂ ਨੂੰ ਪਰੇ ਰੱਖਿਆ ਜਾਵੇਗਾ ਜਾਂ ਔਖਿਆਈ ਆਵੇਗੀ। ਕੁਝ ਹਾਲਾਤਾਂ ਵਿੱਚ ਮਾਪਿਆਂ ਅਤੇ ਬੱਚਿਆਂ ਨੂੰ ਆਪਣੀ ਘਰੇਲੂ ਭਾਸ਼ਾ ਬੋਲਣ ਤੋਂ ਨਿਰਉਤਸ਼ਾਹਤ ਕੀਤਾ ਜਾਂਦਾ ਹੈ ਅਤੇ ਸਿਰਫ ਅੰਗਰੇਜ਼ੀ ਬੋਲਣ ਲਈ ਕਿਹਾ ਜਾਂਦਾ ਹੈ। ਮਾਪਿਆਂ ਅਤੇ ਅਧਿਆਪਕ ਆਮ ਤੌਰ ਤੇ ਜਾਣੂ ਨਹੀਂ ਹੁੰਦੇ ਕਿ ਕਈ ਪ੍ਰਾਇਮਰੀ ਸਕੂਲ ਅੰਗਰੇਜ਼ੀ ਭਾਸ਼ਾ ਨਾ ਬੋਲਣ ਵਾਲੇ ਪਿਛੋਕੜ (ਐੱਨ ਈ ਐੱਸ ਬੀ) ਦੇ ਲੋਕਾਂ ਵਾਸਤੇ ਅੰਗਰੇਜ਼ੀ ਦੀਆਂ ਸਹਾਰਾ ਕਲਾਸਾਂ ਚਲਾਉਂਦੇ ਹਨ। *ਅਧਿਆਪਕ ਮਾਪਿਆਂ ਦੀ ਚਿੰਤਾ ਨੂੰ ਇਹ ਸਮਝਾ ਕੇ ਘਟਾ ਸਕਦੇ ਹਨ ਕਿ ਉਹਨਾਂ ਦੇ ਪ੍ਰੋਗਰਾਮ ਸਫਲਤਾਪੂਰਵਕ ਅੰਗਰੇਜ਼ੀ ਪੜ੍ਹਾ ਅਤੇ ਨਾਲੋ ਨਾਲ ਘਰੇਲੂ ਭਾਸ਼ਾ ਨੂੰ ਸਹਾਰਾ ਦੇ ਕੇ ਸੁਧਾਰ ਸਕਦੇ ਹਨ।*

### *ਘਰੇਲੂ ਭਾਸ਼ਾ ਹਮੇਸ਼ਾਂ ਲਈ ਖਤਮ ਹੋ ਜਾਵੇਗੀ।*

ਜਿਉਂ ਜਿਉਂ ਬੱਚੇ ਵੱਡੇ ਹੁੰਦੇ ਹਨ, ਜੇਕਰ ਉਹਨਾਂ ਨੂੰ ਅੰਗਰੇਜ਼ੀ ਸਿੱਖਣ ਦੇ ਨਾਲ ਨਾਲ ਆਪਣੀ ਭਾਸ਼ਾ ਬੋਲਣ ਨੂੰ ਵੀ ਲਗਾਤਾਰ ਉਤਸ਼ਾਹਤ ਨਹੀਂ ਕੀਤਾ ਜਾਂਦਾ ਤਾਂ ਉਹਨਾਂ ਦੀ ਘਰੇਲੂ ਭਾਸ਼ਾ ਬੋਲਣ ਦੀ ਮੁਹਾਰਤ ਘੱਟਦੀ ਜਾਏਗੀ ਜਾਂ ਉਹ ਇਸ ਨੂੰ ਬੋਲਣ ਤੋਂ ਬਿਲਕੁਲ ਹੀ ਝਿਜਕਣਗੇ। *ਇਹ ਮਹੱਤਵਪੂਰਣ ਹੈ ਕਿ ਅਧਿਆਪਕ ਬੱਚਿਆਂ ਅਤੇ ਉਹਨਾਂ ਦੇ ਮਾਪਿਆਂ ਨੂੰ ਉਹਨਾਂ ਦੇ ਬਹੁਭਾਸ਼ੀ ਹੋਣ ਨੂੰ ਚੰਗਾ ਮਹਿਸੂਸ ਕਰਵਾਉਣ।*

### *ਭਾਸ਼ਾਵਾਂ ਸਿੱਖਣਾ ਇਕ ਸਮਾਜਿਕ ਗਤੀਵਿਧੀ ਹੈ ਅਤੇ ਇਹ ਅਲੱਗ ਅਲੱਗ ਸਭਿਆਚਾਰਕ ਵਾਤਾਵਰਣਾਂ ਵਿੱਚ ਹੁੰਦਾ ਹੈ।*

ਵੱਖਰੇਪਣ ਨੂੰ ਦਿੱਤੇ ਸਾਡੇ ਜਵਾਬਾਂ ਦਾ ਅਸਰ ਸਾਰੇ ਬੱਚਿਆਂ ਉਪਰ ਬਹੁਤ ਦੇਰ ਤੱਕ ਰਹਿੰਦਾ ਹੈ, ਪਰ ਖਾਸ ਤੌਰ ਤੇ ਵੱਖਰੇ ਸਭਿਆਚਾਰ ਅਤੇ ਭਾਸ਼ਾਵਾਂ (ਸੀ ਏ ਐੱਲ ਡੀ) ਦੇ ਬੱਚਿਆਂ ਉਪਰ, ਜੋ ਕਿ ਅੰਗਰੇਜ਼ੀ ਨੂੰ ਦੂਸਰੀ ਭਾਸ਼ਾ ਵਜੋਂ ਸਿੱਖ ਰਹੇ ਹਨ। ਜੇਕਰ ਬੱਚੇ ਅਤੇ ਪਰਵਾਰ ਆਪਣੀ ਭਾਸ਼ਾ ਤੇ ਸਭਿਆਚਾਰ ਬਾਰੇ ਮਾੜਾ ਸੁਣਦੇ ਹਨ ਜਾਂ ਪਰਭਾਵਸ਼ਾਲੀ ਤਰੀਕੇ ਨਾਲ ਗੱਲਬਾਤ ਨਹੀਂ ਕਰਦੇ, ਉਹ ਸ਼ਰਮਿੰਦਾ ਹੋਣਾ ਤੇ ਆਪਣੀ ਘਰੇਲੂ ਭਾਸ਼ਾ ਨੂੰ ਬਣਾਈ ਰੱਖਣ ਦਾ ਵਿਰੋਧ ਕਰਨਾ ਸਿੱਖ ਜਾਂਦੇ ਹਨ।

*ਜਦੋਂ ਸਿੱਖਿਆ ਦਾ ਵਾਤਾਵਰਣ ਵੱਖਰੇਪਣ ਤੇ ਵਿਭਿੰਨਤਾ, ਅਤੇ ਉਹਨਾਂ ਦੀ ਬਹੁਭਾਸ਼ੀਅਤ ਨੂੰ ਵਧਾਉਂਦਾ ਹੈ ਤਾਂ ਬੱਚੇ ਪਛਾਣ ਅਤੇ ਭਲਾਈ ਦੀ ਪੱਕੀ ਚੇਤਨਤਾ ਬਣਾ ਲੈਂਦੇ ਹਨ।*

ETHNIC CHILD CARE, FAMILY AND COMMUNITY SERVICES CO-OPERATIVE LTD

Children's Services Central

ਬਾਈਕਲਚਰਲ ਸੁਪੋਰਟ ਪ੍ਰੋਗਰਾਮ (ਬੀ ਐੱਸ ਪੀ) ਦੇ ਹਿੱਸੇ ਵਜੋਂ ਇਹ ਕਿਤਾਬਚਾ ਐਥਨਿਕ ਚਾਈਲਡ ਕੇਅਰ ਫੈਮਿਲੀ ਐਂਡ ਕਮਿਊਨਿਟੀ ਸਰਵਿਸਜ਼ ਕੋਆਪਰੇਟਿਵ ਲਿਮਟਿਡ (ਈ ਸੀ ਸੀ ਐੱਫ ਸੀ ਐੱਸ ਸੀ) ਦੁਆਰਾ ਤਿਆਰ ਕੀਤਾ ਗਿਆ ਸੀ। ਬੀ ਐੱਸ ਪੀ ਨੂੰ ਈ ਸੀ ਸੀ ਐੱਫ ਸੀ ਐੱਸ ਸੀ ਦੁਆਰਾ ਚਿਲਡਰਨਜ਼ ਸਰਵਿਸਜ਼ ਸੈਂਟਰਲ (ਸੀ ਐੱਸ ਸੀ) ਵਾਸਤੇ ਚਲਾਇਆ ਜਾਂਦਾ ਹੈ। ਨਿਊ ਸਾਊਥ ਵੇਲਜ਼ ਵਿੱਚ ਸੀ ਐੱਸ ਸੀ ਪੇਸ਼ੇਵਰ ਸਹਾਰਾ ਕੋਆਰਡੀਨੇਟਰ ਹੈ ਅਤੇ ਆਸਟ੍ਰੇਲੀਆ ਸਰਕਾਰ ਦੁਆਰਾ ਸੰਮਿਲਨ ਅਤੇ ਪੇਸ਼ੇਵਰ ਸਹਾਰਾ ਪ੍ਰੋਗਰਾਮ ਦੇ ਅਧੀਨ ਮਾਲੀ ਸਹਾਇਤਾ ਦਿੱਤੀ ਜਾਂਦੀ ਹੈ।

Ethnic Child Care Family and Community Services Cooperative Ltd.
Building 3, 142 Addison Rd,
Marrickville, NSW, 2204
ਫੋਨ: 02 9569 1288
ਫੈਕਸ: 02 9550 9829
ਵੈਬਸਾਈਟ: www.eccfcsc.orrg
ਈਮੇਲ: coop@eccfcsc.org

**ਆਭਾਰ**

ਡਾ ਕਰਿਸ ਜੋਨਜ਼ ਡਿਆਜ਼, ਸੀਨੀਅਰ ਲੈਕਚਰਰ ਯੂਨੀਵਰਸਿਟੀ ਆਫ ਵੈਸਟਰਨ ਸਿਡਨੀ

ਬੀਲੌਂਗਿੰਗ, ਬੀਇੰਗ ਐਂਡ ਬੀਕਮਿੰਗ; ਦਾ ਅਰਲੀ ਈਅਰਜ਼ ਲਰਨਿੰਗ ਫਰੇਮਵਰਕ (ਈ ਵਾਈ ਐੱਲ ਐੱਫ) ਆਸਟ੍ਰੇਲੀਆ ਸਰਕਾਰ 2009



# ਬਹੁਭਾਸ਼ੀਅਤ ਅਤੇ ਭਾਸ਼ਾਵਾਂ ਦਾ ਸਿੱਖਣਾ

*"ਬੱਚਿਆਂ ਦੁਆਰਾ ਆਪਣੀ ਘਰੇਲੂ ਭਾਸ਼ਾ ਦੀ ਵਰਤੋਂ ਉਹਨਾਂ ਦੀ ਪਛਾਣ ਦੀ ਚੇਤਨਤਾ ਅਤੇ ਸੰਕਲਪੀ ਵਿਕਾਸ ਨੂੰ ਮਜ਼ਬੂਤ ਕਰਦੀ ਹੈ"। (ਈ ਵਾਈ ਐੱਲ ਐੱਫ 2009)*



ਇਹ ਕਿਤਾਬਚਾ www.eccfcsc.org ਦੀ ਵੈਬਸਾਈਟ ਉਪਰੋਂ ਡਾਊਨਲੋਡ ਕੀਤਾ ਜਾ ਸਕਦਾ ਹੈ ਅਤੇ ਹੋਰ ਭਾਈਚਾਰਕ ਭਾਸ਼ਾਵਾਂ ਵਿੱਚ ਵੀ ਉਪਲਬਧ ਹੈ।

# ਬਹੁਭਾਸ਼ੀ ਛੋਟੇ ਬੱਚਿਆਂ ਨਾਲ ਕੰਮ ਕਰਨ ਵਾਲੇ ਲੋਕਾਂ ਲਈ ਕੁਝ ਸਿਆਣੀ ਸਲਾਹ

*ਅਸੀਂ ਬਹੁਭਾਸ਼ੀ ਵਿਅਕਤੀ ਨੂੰ ਕਿਵੇਂ ਪਰਭਾਸ਼ਤ ਕਰ ਸਕਦੇ ਹਾਂ?*

ਪਰਭਾਸ਼ਾ ਦੇ ਹਿਸਾਬ ਨਾਲ ਇਕ ਬਹੁਭਾਸ਼ੀ ਵਿਅਕਤੀ ਉਹ ਹੈ ਜੋ ਦੋ ਭਾਸ਼ਾਵਾਂ ਨੂੰ ਨਿਪੁੰਨਤਾ ਨਾਲ ਵਰਤ ਸਕਦਾ ਹੋਵੇ। ਬਹੁਭਾਸ਼ੀਅਤ ਦੇ ਕਈ ਸਾਰੇ ਦਰਜੇ ਹਨ।

*ਬੱਚੇ ਦੋ ਤਰੀਕਿਆਂ ਨਾਲ ਬਹੁਭਾਸ਼ੀ ਬਣ ਸਕਦੇ ਹਨ।*

ਇਕੋ ਸਮੇਂ ਬਹੁਭਾਸ਼ੀਅਤ-ਜਦੋਂ ਬੱਚਾ ਦੋਵੇਂ ਭਾਸ਼ਾ ਇਕੋ ਸਮੇਂ ਸਿੱਖੇ।

ਇਕ ਤੋਂ ਬਾਅਦ ਇਕ ਬਹੁਭਾਸ਼ੀਅਤ-ਜਦੋਂ ਬੱਚਾ ਪਹਿਲਾਂ ਹੀ ਇਕ ਭਾਸ਼ਾ ਬੋਲਦਾ ਹੈ, ਫਿਰ ਉਸ ਤੋਂ ਬਾਅਦ ਦੂਸਰੀ ਬੋਲਣੀ ਸਿੱਖੇਗਾ।

ਛੋਟੇ ਬੱਚਿਆਂ ਲਈ ਇਹ ਬਹੁਤ ਮਹੱਤਵਪੂਰਣ ਹੈ ਕਿ ਪਹਿਲੀ ਭਾਸ਼ਾ ਨੂੰ ਸਹਾਰਾ ਦਿੱਤਾ ਜਾਵੇ ਅਤੇ ਵਿਕਾਸ ਵਾਸਤੇ ਉਤਸ਼ਾਹਤ ਕੀਤਾ ਜਾਵੇ ਤਾਂ ਜੋ ਇਹ ਦੂਸਰੀ ਭਾਸ਼ਾ ਨੂੰ ਸਿੱਖਣ ਲਈ ਸਹਾਰਾ ਬਣ ਸਕੇ। ਨਵੀਂ ਭਾਸ਼ਾ ਨੂੰ ਸਿੱਖਣ ਲਈ ਸਮਾਂ ਲੱਗ ਸਕਦਾ ਹੈ ਅਤੇ ਬੱਚਾ ਕੁਝ ਸਮੇਂ ਲਈ ਚੁੱਪ ਚਾਪ ਵੀ ਹੋ ਸਕਦਾ ਹੈ। ਇਹ 'ਚੁੱਪ ਚਾਪ ਦਾ ਸਮਾਂ' ਇਕ ਤੋਂ ਦੂਸਰੇ ਬੱਚੇ ਵਿਚਾਲੇ ਅਲੱਗ ਹੋ ਸਕਦਾ ਹੈ।

*ਇਕ ਤੋਂ ਜ਼ਿਆਦਾ ਭਾਸ਼ਾ ਸਿੱਖਣਾ ਅਤੇ ਬਣਾਈ ਰੱਖਣ ਦੇ ਮਹੱਤਵਪੂਰਣ ਫਾਇਦਿਆਂ ਦੇ ਬਾਰੇ ਕੋਈ ਸਵਾਲ ਹੀ ਨਹੀਂ ਹੈ। ਬਹੁਭਾਸ਼ੀਅਤ ਦੇ ਫਾਇਦਿਆਂ ਵਿੱਚ ਸ਼ਾਮਲ ਹਨ;*

ਬੌਧਕ:

- ਨਵੀਂ ਭਾਸ਼ਾ ਕਿਵੇਂ ਕੰਮ ਕਰਦੀ ਹੈ ਬਾਰੇ ਸਮਝਣਾ।
- ਵਾਧੂ ਭਾਸ਼ਾਵਾਂ ਸਿੱਖਣ ਦੀ ਯੋਗਤਾ
- ਹੋਰ ਵਿਦਿਅਕ ਖੇਤਰਾਂ ਵਿੱਚ ਬੌਧਕ ਸਮਰੱਥਾ ਵਿੱਚ ਵਾਧਾ

ਸਮਾਜਕ:

- ਭਾਸ਼ਾਈ ਵਿਭਿੰਨਤਾ ਦੀ ਸਮਝ
- ਸਾਰੇ ਬੱਚੇ ਇਹ ਸਿੱਖਦੇ ਹਨ ਕਿ ਬੋਲਣ, ਪੜ੍ਹਨ ਅਤੇ ਲਿਖਣ ਦੇ ਇਕ ਤੋਂ ਵੱਧ ਤਰੀਕੇ ਹਨ।
- ਬੱਚੇ ਇਕਸੁਰ ਅਤੇ ਵਿਭਿੰਨਤਾ ਵਾਲੇ ਸਮਾਜ ਵਿੱਚ ਵੱਡੇ ਹੁੰਦੇ ਹਨ, ਜਿੱਥੇ ਵੱਖਰੇਵਾਂ ਇਕ ਆਮ ਗੱਲ ਹੈ।
- ਬੱਚੇ ਪਰਵਾਰ ਦੇ ਉਹਨਾਂ ਮੈਂਬਰਾਂ ਨਾਲ ਗੱਲਬਾਤ ਕਰਨ ਅਤੇ ਰਿਸ਼ਤੇ ਬਣਾਈ ਰੱਖਣ ਦੇ ਯੋਗ ਹੁੰਦੇ ਹਨ ਜੋ ਅੰਗਰੇਜ਼ੀ ਨਹੀਂ ਬੋਲ ਸਕਦੇ।

ਸਭਿਆਚਾਰਕ:

- ਸਭਿਆਚਾਰਕ ਅਤੇ ਭਾਸ਼ਾਈ ਵਿਰਾਸਤ ਅਤੇ ਪਛਾਣ ਵਿੱਚ ਆਤਮ ਸਨਮਾਨ ਅਤੇ ਵਿਸ਼ਵਾਸ।
- ਮਹੱਤਵਪੂਰਣ ਪਰਵਾਰਕ ਤੇ ਸਭਿਆਚਾਰਕ ਕੀਮਤਾਂ ਨੂੰ ਬਣਾਈ ਰੱਖਣਾ ਅਤੇ ਭਵਿੱਖ ਦੀਆਂ ਪੀੜੀਆਂ ਨਾਲ ਸਾਂਝਾ ਕਰਨਾ

ਆਰਥਕ:

- ਬਾਅਦ ਵਾਲੀ ਜ਼ਿੰਦਗੀ ਵਿੱਚ ਰੁਜ਼ਗਾਰ, ਸਿੱਖਿਆ ਅਤੇ ਸਮਾਜਕ ਅਵਸਰ

**ਅਸੀਂ ਬਹੁਭਾਸ਼ੀ ਬੱਚਿਆਂ ਨੂੰ ਕਿਵੇਂ ਸਹਾਰਾ ਦੇ ਸਕਦੇ ਹਾਂ?**

- ਭਾਸ਼ਾਵਾਂ, ਸਭਿਆਚਾਰ, ਪਛਾਣ ਅਤੇ ਸਿੱਖਿਆ ਬਾਰੇ ਆਪਣੀਆਂ ਭਾਵਨਾਵਾਂ ਪਰਗਟ ਕਰੋ।
- ਆਪਣੇ ਪ੍ਰੋਗਰਾਮ ਅਤੇ ਸਾਰੇ ਪਰਵਾਰਾਂ ਨਾਲ ਬਹੁਭਾਸ਼ੀਅਤ ਨੂੰ ਵਧੀਆ ਅਤੇ ਸਹਾਰੇ ਵਾਲੀ ਪਹੁੰਚ ਦਾ ਵਿਕਾਸ ਕਰੋ।
- ਹਰੇਕ ਬੱਚੇ ਦੀ ਭਾਸ਼ਾ ਅਤੇ ਸਭਿਆਚਾਰ ਬਾਰੇ ਪਤਾ ਕਰੋ।
- ਨਾਮ ਠੀਕ ਤਰੀਕੇ ਨਾਲ ਉਚਾਰਣ ਵਿੱਚ ਦਿਲਚਸਪੀ ਲਓ ਅਤੇ ਮਾਣ ਦਿਓ (ਜੇ ਤੁਹਾਨੂੰ ਨਹੀਂ ਪਤਾ ਤਾਂ ਪੁੱਛੋ ਕਿ ਕਿਵੇਂ)।
- ਜ਼ਰੂਰੀ ਵਰਤੋਂ ਵਿੱਚ ਆਉਣ ਵਾਲੇ ਸ਼ਬਦ ਸਿੱਖੋ ਅਤੇ ਉਹਨਾਂ ਦੀ ਸੂਚੀ ਬਣਾਓ।
- ਬਹੁਭਾਸ਼ੀ ਵਸੀਲੇ ਇਕੱਠੇ ਕਰੋ ਅਤੇ ਉਹਨਾਂ ਦੀ ਵਰਤੋਂ ਰੋਜ਼ਾਨਾ ਦੇ ਆਧਾਰ ਤੇ ਆਪਣੇ ਪ੍ਰੋਗਰਾਮ ਵਿੱਚ ਸ਼ਾਮਲ ਕਰੋ।
- ਬੱਚਿਆਂ ਦੀ ਘਰੇਲੂ ਭਾਸ਼ਾ ਅਤੇ ਸਾਖਰਤਾ ਨੂੰ ਸਮਝੋ ਅਤੇ ਇਸ ਨੂੰ ਕਈ ਤਰ੍ਹਾਂ ਦੇ ਲਿਖਤੀ, ਜ਼ਬਾਨੀ ਅਤੇ ਡਿਜ਼ਿਟਲ ਤਰੀਕਿਆਂ ਨਾਲ ਵਰਤੋ।
- ਬੱਚਿਆਂ ਦੀਆਂ ਘਰੇਲੂ ਭਾਸ਼ਾਵਾਂ ਨੂੰ ਬੋਲਣ ਵਾਲੇ ਕਰਮਚਾਰੀ ਭਰਤੀ ਕਰੋ।
- ਉਹ ਕਰਮਚਾਰੀ ਜੋ ਦੂਸਰੀਆਂ ਭਾਸ਼ਾ ਬੋਲਦੇ ਹਨ ਨੂੰ ਇਹਨਾਂ ਨੂੰ ਵਰਤਣ ਲਈ ਉਤਸ਼ਾਹਤ ਕਰੋ (ਇਕ ਦੂਸਰੇ, ਬੱਚਿਆਂ ਅਤੇ ਪਰਵਾਰਾਂ ਨਾਲ)।
- ਸਾਰੇ ਦਿਨ ਦੇ ਦੌਰਾਨ ਇਕਸਾਰਤਾ ਨਾਲ ਅਲੱਗ ਅਲੱਗ ਭਾਸ਼ਾਵਾਂ ਨੂੰ ਤਰਤੀਬ ਦਿਓ, ਪਰਦਰਸ਼ਤ ਕਰੋ ਅਤੇ ਵਰਤੋ।
- ਬਹੁਭਾਸ਼ੀ ਬੱਚਿਆਂ ਨੂੰ ਇਕੱਠੇ ਆਪਣੀ ਭਾਸ਼ਾ ਵਿੱਚ ਖੇਡਣ ਤੇ ਸਿੱਖਣ ਲਈ ਉਤਸ਼ਾਹਤ ਕਰੋ ਅਤੇ ਸਹਾਰਾ ਦਿਓ।
- ਮਾਪਿਆਂ ਨੂੰ ਘਰੇਲੂ ਭਾਸ਼ਾ ਦੇ ਮਹੱਤਵ ਅਤੇ ਇਸ ਨੂੰ ਬਣਾਈ ਰੱਖਣ, ਅਤੇ ਬੱਚੇ ਕਿਵੇਂ ਸਫਲਤਾਪੂਰਵਕ ਬਹੁਭਾਸ਼ੀ ਬਣ ਸਕਦੇ ਹਨ ਦੇ ਬਾਰੇ ਵਿੱਚ ਜਾਣਕਾਰੀ ਦਿਓ।

